## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਵਿਚਾਰਾਂ ਦੀ ਲੜਾਈ ਵਿਚਾਰਾਂ ਨਾਲ ਲੜੀ ਜਾ ਸਕਦੀ ਹੈ

## ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਤੇ ਹਮਲਾ ਮੰਦਭਾਗਾ

ਪਿਛਲੇ ਕੁਝ ਦਿਨਾ ਦੌਰਾਨ ਹਥਿਆਰਬੰਦ ਹਮਲਾਵਰਾਂ ਵੱਲੋਂ ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਤੇ ਹੋਏ ਕਾਤਲਾਨਾ ਹਮਲੇ ਤੋਂ ਬਾਅਦ ਜੋ ਸੁਰਾਖ ਮਿਲੇ ਹਨ ਉਹ ਸਾਫ ਸਾਫ ਸਪੱਸ਼ਟ ਸੰਕੇਤ ਦੇ ਰਹੇ ਹਨ ਕਿ ਇਸ ਮੰਦਭਾਗੇ ਕਾਰਜ ਪਿਛੇ ਕਿਸੇ ਨਾਮਵਰ ਟਕਸਾਲ ਦੇ ਮੁੱਖੀ ਦਾ ਹੱਥ ਹੈ। ਕਿਸੇ ਨਾਮਵਰ ਟਕਸਾਲ ਜਿਸ ਟਕਸਾਲ ਦੇ ਸਿੰਘਾਂ ਨੇ ਇੰਨੀਆਂ ਕੁਰਬਾਨੀਆਂ ਦਿੱਤੀਆਂ ਹੋਣ, ਜਿਸ ਟਕਸਾਲ ਨਾਲ ਸਬੰਧ ਰੱਖਣਾ ਵੀ ਮਾਣ ਵਾਲੀ ਗੱਲ ਸਮਝਿਆ ਜਾਦਾ ਹੋਵੇ ਉਸ ਦੇ ਮੁੱਖੀ ਵੱਲੋਂ ਅਜਿਹਾ ਘਟੀਆ ਕਾਰਨਾਮਾ ਕਰਨਾ ਬੜਾ ਸ਼ਰਮਨਾਕ ਕਾਰਾ ਹੈ।

ਵਿਚਾਰਾਂ ਦੇ ਮੱਤਭੇਦ ਹੋ ਸਕਦੇ ਹਨ ਪਰ ਵਿਚਾਰਾਂ ਦੇ ਮੱਤਭੇਦ ਕਾਰਨ ਕਾਤਲਾਨਾ ਹਮਲਾ ਕਰਨਾ, ਕਿਸੇ ਦੀ ਆਵਾਜ਼ ਦਬਾਉਣ ਲਈ ਉਸ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨੀ? ਇਹ ਕੀ ਤਰੀਕਾ ਹੈ? ਵਿਚਾਰਾਂ ਦੀ ਲੜਾਈ ਵਿਚਾਰਾਂ ਨਾਲ ਲੜੀ ਜਾ ਸਕਦੀ ਹੈ। ਵਿਚਾਰਾਂ ਦੀ ਲੜਾਈ ਦੇ ਬਦਲੇ ਕਾਤਲਾਨਾ ਹਮਲਾ ਤਾਂ ਸਾਹਮਣੇ ਵਾਲੇ ਦੀ ਅਗਿਆਨਤਾ ਦਰਸ਼ਾਉਦਾ ਹੈ। ਕਾਤਲਾਨਾ ਹਮਲਾ ਸਿੱਧ ਕਰਦਾ ਹੈ ਕਿ ਸਾਹਮਣੇ ਵਾਲੇ ਕੋਲ ਵਿਚਾਰਾਂ ਦੀ ਲੜਾਈ ਕਰਨ ਜੋਗਾ ਗਿਆਨ ਨਹੀਂ ਹੈ ਜਾ ਫਿਰ ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਤੇ ਹੋਏ ਕਾਤਲਾਨਾ ਹਮਲੇ ਦਾ ਦੂਸਰਾ ਕਾਰਨ ਇਹ ਹੋ ਸਕਦਾ ਹੈ ਕਿ ਹਮਲਾਵਰ ਕਿਸੇ ਨਾ ਕਿਸੇ ਸਿਆਸੀ ਆਗੂਆਂ ਦੇ ਹੱਥ ਦੀ ਕਠਪੁਤਲੀ ਬਣ ਕੇ ਸੱਚ ਦੀ ਆਵਾਜ਼ ਦਬਾਉਣ ਦਾ ਕੋਝਾ ਯਤਨ ਕਰ ਰਿਹਾ ਹੈ।

ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਦੇ ਲੱਖਾਂ ਸਮਰਥਕ ਹਨ ਅਤੇ ਕਈ ਅਜਿਹੀਆ ਟਕਸਾਲਾਂ ਤੇ ਸੰਪ੍ਰਦਾਇ ਹਨ ਜਿਨ੍ਹਾਂ ਦੇ ਨਾਲ ਲੱਖਾਂ ਹੀ ਸ਼ਰਧਾਲੂ ਜੁੜੇ ਹੋਏ ਹਨ। ਕਿਸੇ ਵੀ ਟਕਸਾਲ ਤੇ ਸੰਪ੍ਰਦਾਇ ਦੇ ਮੁੱਖੀ ਅਤੇ ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਦੇ ਸਮਰਥਕਾਂ ਦੀ ਜੇਕਰ ਭਰਾ ਮਾਰੂ ਜੰਗ ਛਿੜ ਜਾਂਦੀ ਤਾਂ ਨਿਰੰਕਾਰੀਆਂ ਵਾਲਾ ਕਾਂਡ ਬਣ ਸਕਦਾ ਸੀ। ਇਤਿਹਾਸ ਮੁੜ ਦੁਹਰਾਇਆ ਜਾਣਾ ਸੀ। ਇਥੇ ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਦੀ ਸਿਫਤ ਕਰਨੀ ਬਣਦੀ ਹੈ ਕਿ ਉਸ ਨੇ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਦੀ ਬਜਾਏ ਆਪਣੇ ਸਮਰਥਕਾਂ ਨੂੰ ਸ਼ਾਂਤ ਰਹਿਣ ਦਾ ਸੰਦੇਸ਼ ਦਿੱਤਾ। ਉਸ ਦੇ ਚੈਨਲਾਂ, ਮੈਗਜ਼ੀਨ ਅਤੇ ਅਖਬਾਰਾਂ ਵਿੱਚ ਆ ਰਹੇ ਬਿਆਨਾਂ ਵਿੱਚ ਇਹੀ ਕਹਿੰਦਾ ਦਿਸਿਆ ਹੈ ਅਸੀਂ ਅਜਿਹੇ ਤਰੀਕੇ ਨਾਲ ਆਪਣੇ ਹਮਲਾਵਰਾਂ ਖਿਲਾਫ ਕਾਰਵਾਈ ਕਰਨੀ ਹੈ ਕਿ ਜਿਸ ਨਾਲ ਸਾਡਾ ਕੌਮ ਦਾ ਕੋਈ ਨੁਕਸਾਨ ਨਾ ਹੋਵੇ, ਸਾਡੇ ਵਿੱਚ ਕੋਈ ਭਰਾਮਾਰੂ ਜੰਗ ਵੀ ਨਾ ਹੋਵੇ। ਸਾਡਾ ਸਿੱਖਾਂ ਦਾ ਵਰਲਡ ਵਿੱਚ ਜਲੂਸ ਵੀ ਨਾ ਨਿਕਲੇ ਕਿ ਸਿੱਖ ਤਲਵਾਰਾਂ ਲਹਿਰਾਉਂਦੇ ਫਿਰਦੇ ਹਨ। ਅਜਿਹਾ ਨਾ ਹੋਵੇ ਕਿ ਸਿੱਖ ਦੁਕਾਨਾਂ ਭੰਨਦੇ ਫਿਰਨ, ਜਿਸ ਕਾਰਨ ਪਬਲਿਕ ਦਾ ਨੁਕਸਾਨ ਹੋਵੇ। ਉਨ੍ਹਾਂ ਕਿਹਾ ਕਿ ਅਸੀਂ ਕੋਈ ਅਜਿਹਾ ਤਰੀਕਾ ਅਪਣਾਉਣਾ ਹੈ ਕਿ ਸਾਡਾ ਸੰਘਰਸ਼ ਵੀ ਚੱਲੇ ਤੇ ਸਾਡੀ ਕੌਮ ਦਾ ਜਲੂਸ ਵੀ ਨਾ ਨਿਕਲੇ। ਇਸ ਨਾਜ਼ੁਕ ਸਮੇਂ ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਦਾ ਆਪਣੇ ਸਮਰਥਕਾਂ ਨੂੰ ਸ਼ਾਂਤ ਰਹਿਣ ਦਾ ਸੰਦੇਸ਼ ਚੰਗੇ ਆਗੂ ਦਾ ਗਿਆਨਵਾਨ ਸੁਲਝਿਆ ਫੈਸਲਾ ਸਾਬਿਤ ਹੋਇਆ ਹੈ।

ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਹੋਏ ਕਾਤਲਾਨਾ ਹਮਲੇ 'ਚੋਂ ਸੰਤ ਢੱਡਰੀਆਂ ਵਾਲੇ ਤਾਂ ਚਾਹੇ ਬਚ ਗਏ ਪਰ ਇਸ ਹਮਲੇ ਵਿੱਚ ਜੋ ਪ੍ਰਚਾਰਕ ਬਾਬਾ ਭੁਪਿੰਦਰ ਸਿੰਘ ਜੀ ਢੱਕੀ ਸਾਹਿਬ ਵਾਲਿਆਂ ਦੀ ਜਾਨ ਚਲੀ ਗਈ ਕੀ ਉਸ ਦਾ ਕੋਈ ਮੁੱਲ ਨਹੀਂ? ਉਹ ਵੀ ਸਿੱਖ ਕੌਮ ਦੇ ਵਧੀਆ ਪ੍ਰਚਾਰਕ ਸਨ। ਉਹ ਆਪਣੇ ਜੀਵਨ ਸਾਥੀ ਨੂੰ ਬੇ-ਵਕਤ ਵਿਛੋੜਾ ਦੇ ਗਏ ਹਨ। ਆਪਣੇ ਨਿੱਕੇ ਨਿੱਕੇ ਦੋ ਬੱਚਿਆਂ ਨੂੰ ਰੋਂਦੇ ਵਿਲਕਦੇ ਛੱਡ ਗਏ ਹਨ। ਦੋ ਧਿਰਾਂ ਦੀ ਆਪਸੀ ਲੜਾਈ ਕਾਰਨ ਉਨ੍ਹਾਂ ਨੂੰ ਜੋ ਆਪਣੇ ਜਾਨ ਤੋਂ ਹੱਥ ਧੋਣੇ ਪਏ ਹਨ ਉਸ ਦਾ ਮੁੱਲ ਕੌਣ ਉਤਾਰੇਗਾ। ਉਨ੍ਹਾਂ ਦੇ ਛੋਟੇ-ਛੋਟੇ ਬੱਚਿਆਂ ਤੇ ਇਸ ਘਟਨਾ ਦਾ ਕੀ ਪ੍ਰਭਾਵ ਪਵੇਗਾ। ਉਨ੍ਹਾ ਕੋਮਲ ਬੱਚਿਆਂ ਦੇ ਚਿਹਰੇ ਆਪਣੇ ਪਿਤਾ ਦੀ ਤਸਵੀਰ ਤੋਂ ਪੁੱਛਦੇ ਹੋਣਗੇ ਕਿ ਪਾਪਾ ਤੁਸੀਂ ਤਾਂ ਸਾਨੂੰ ਹੁਣ ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਕੁਰਬਾਨੀਆਂ ਤੇ ਨੇਕੀਆਂ ਦੀਆਂ ਸਾਖੀਆਂ ਸੁਣਾਉਂਦੇ ਰਹੇ ਹੋ। ਉਨ੍ਹਾਂ ਦੇ ਸਿਧਾਂਤਾਂ ਦਾ ਪ੍ਰਚਾਰ ਕਰਦੇ ਰਹੇ ਹੋ ਫਿਰ ਉਨ੍ਹਾਂ ਦੀ ਟਕਸਾਲ ਦੇ ਬੰਦਿਆਂ ਨੇ ਹੀ ਤੁਹਾਨੂੰ ਕਿਉਂ ਮਾਰ ਦਿੱਤਾ? ਕੌਣ ਦੇਵੇਗਾ ਇਸ ਗੱਲ ਦਾ ਜਵਾਬ?

ਕਿਉਂਕਿ ਸਾਡੇ ਪੰਜਾਬ ਦਾ ਮਾਹੌਲ ਅਜਿਹਾ ਬਣ ਗਿਆ ਹੈ ਕਿ ਟਕਸਾਲਾਂ ਤੇ ਸੰਪ੍ਰਦਾਇ ਦੇ ਮੁਖੀਆਂ ਨਾਲ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੇ ਲੱਖਾ ਕਰੋੜਾਂ ਉਪਾਸ਼ਕ ਹਨ ਜਿਹੜੇ ਆਪਣੇ ਧਰਮ ਗੁਰੂ ਦੇ ਕਹਿਣ ਤੇ ਜਾਨ ਦੇਣੋਂ ਵੀ ਪਿਛੇ ਨਹੀਂ ਹਟਦੇ। ਅਖਵਾਉਣ ਨੂੰ ਅਸੀਂ ਗੁਰੂ ਦੇ ਸਿੱਖ ਅਖਵਾਈ ਜਾ ਰਹੇ ਹਾਂ ਪਰ ਅਸੀਂ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਦੀ ਬਜਾਏ ਕਿਸੇ ਟਕਸਾਲ, ਸੰਪ੍ਰਦਾਇ ਦੇ ਮੁਖੀ ਜਾਂ ਕਿਸੇ ਵਿਅਕਤੀ ਵਿਸ਼ੇਸ਼ ਨਾਲ ਜੁੜੇ ਹੋਏ ਹਾਂ। ਅੱਜ ਸਾਡੀਆਂ ਟਕਸਾਲਾਂ ਤੇ ਸੰਪ੍ਰਦਾਇ ਵਿਚ ਵੈਰ ਵਿਰੋਧ ਇਨ੍ਹਾਂ ਵੱਧ ਗਿਆ ਹੈ ਕਿ ਸਿੱਖਾਂ ਨੂੰ ਕਿਸੇ ਬਾਹਰੀ ਸਕਤੀਆਂ ਤੋਂ ਜ਼ਿਆਦਾ ਆਪਣੀ ਅੰਦਰੂਨੀ ਜੰਗ ਤੋਂ ਖਤਰਾ ਹੈ। ਜਿਵੇਂ ਕਿਸੇ ਲੇਖਕ ਨੇ ਕਿਹਾ ਹੈ ਕਿ 'ਜੇ ਸਿੱਖ, ਸਿੱਖ ਨੂੰ ਨਾ ਮਾਰੇ ਤਾਂ ਇਹ ਕੌਮ ਕਦੇ ਨਾ ਹਾਰੇ'। ਪਰ ਸਾਡੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਅਸਲੀ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਦੀ ਬਜਾਏ ਧਰਮ ਦੇ ਨਾਮ ਤੇ ਲੜੀ ਮਰੀ ਜਾਦੇ ਹਾਂ। ਜੇਕਰ ਸਾਰੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨਾਲ ਜੁੜ ਜਾਣ ਤਾਂ ਸਿੱਖ ਕੌਮ ਦੁਨੀਆਂ ਦੀ ਸਭ ਤੋਂ ਵੱਡੀ ਸ਼ਕਤੀ ਬਣ ਜਾਏ। ਪਰ ਸਿਆਸੀ ਦਿਮਾਗਾਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਲੋਕਾਂ ਦੇ ਮਨਾਂ ਵਿੱਚ ਧਰਮ ਦੇ ਨਾਮ ਤੇ ਵੰਡੀਆਂ ਦਾ ਜੋ ਬੀ ਬੀਜ ਦਿੱਤਾ ਹੈ ਉਹ ਦਿਨ ਪ੍ਰਤੀ ਦਿਨ ਪੁਗਰਦਾ ਹੀ ਜਾ ਰਿਹਾ ਹੈ। ਜਿਨ੍ਹਾਂ ਚਿਰ ਕੱਟੜਵਾਦ ਅਤੇ ਧਾਰਮਿਕ ਨਫਰਤ ਦੀਆਂ ਜੜ੍ਹਾਂ ਨਹੀਂ ਕੱਟੀਆਂ ਜਾਂਦੀਆਂ ਉਨ੍ਹਾਂ ਚਿਰ ਧਰਮ ਵਿਰੋਧੀ ਅਤੇ ਧਰਮ ਦੀਆਂ ਅੰਦਰੂਨੀ ਜੰਗਾਂ ਚੱਲਦੀਆਂ ਰਹਿਣਗੀਆਂ ਜਿਸ ਦਾ ਖਮਿਆਜਾ ਆਮ ਜਨਤਾ ਨੂੰ ਹੀ ਭੁਗਤਨਾ ਪਵੇਗਾ।

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
Monthly 'Mehak Watan Di Live' Moga ● ਲਾਈਵ

Title Regd. No. PunPun-04016 | Year 2 | Edition 3 | Issue Date 3-6-2016

Chief Editor : Bhawandeep Singh Purba
Vice-Chief Editor : Bhagwanti Purba
Editor in Canada : Bhajan Singh Bahmba
Online Editor : Kamaljeet Singh Purba
Legal Advisor : Advocate Nasib Bawa

## ਮੋਹ ਭਿਜੇ ਖਤ



### ਆਧੁਨਿਕ ਅਤੇ ਸੱਭਿਅਕ

**'ਮਹਿਕ ਵਤਨ ਦੀ'** ਦਾ ਪਿਛਲਾ ਅੰਕ ਵੇਖਿਆ ਜਿਸ ਵਿਚ ਸਭ ਕੁਝ ਆਧੁਨਿਕ ਤਕਨੀਕ ਦਾ ਸੀ। ਮੈਗਜ਼ੀਨ ਦੀ ਵੈਬਸਾਈਟ, ਫੇਸਬੁੱਕ ਅਕਾਊਂਟ ਅਤੇ ਇਸ ਦੇ ਮੁੱਖ ਪੰਨੇ ਤੇ ਅੰਕਿਤ ਕੋਡ ਜਿਸ ਨਾਲ ਮੋਬਾਇਲ ਤੇ ਹੀ ਸਾਰਾ ਮੈਗਜ਼ੀਨ ਪੜ੍ਹਿਆ ਜਾ ਸਕਦਾ ਹੈ। ਇਹ ਸਭ ਕੁਝ ਵੇਖ ਕੇ ਖੁਸ਼ੀ ਹੋਈ।

ਜਦੋਂ ਮੈਗਜ਼ੀਨ ਨੂੰ ਖੋਲ੍ਹ ਕੇ ਅੰਦਰੋਂ ਪੜ੍ਹਿਆ ਤਾਂ ਹੋਰ ਵੀ ਜ਼ਿਆਦਾ ਖੁਸ਼ੀ ਹੋਈ ਕਿ **'ਮਹਿਕ ਵਤਨ ਦੀ'** ਆਧੁਨਿਕ ਤਕਨੀਕ ਨਾਲ ਚੱਲਣ ਵਾਲਾ ਮੈਗਜ਼ੀਨ ਹੋ ਕੇ ਵੀ ਸੱਭਿਆਚਾਰ, ਧਰਮ ਤੇ ਵਿਰਸੇ ਦੀ ਭਰਪੂਰ ਸੇਵਾ ਕਰ ਰਿਹਾ ਹੈ। ਇਸ ਆਧੁਨਿਕ ਸੱਭਿਅਕ ਮੈਗਜ਼ੀਨ ਪ੍ਰਕਾਸ਼ਿਤ ਕਰਨ ਤੇ ਸਮੁੱਚੀ ਟੀਮ ਅਤੇ ਮੁੱਖ ਸਪਾਂਸਰ ਸ. ਭਵਨਦੀਪ ਸਿੰਘ ਪੁਰਬਾ ਜੀਓ ਕੋਟਿ-ਕੋਟਿ ਮੁਬਾਰਕਾਂ।

**ਜਸਵੰਤ ਸਿੰਘ ਜੋਹਲ, ਬਠਿੰਡਾ**

**ਸਤਿ ਸ੍ਰੀ ਅਕਾਲ**

**'ਮਹਿਕ ਵਤਨ ਦੀ'** ਫਰਵਰੀ ਮਹੀਨੇ ਦਾ ਮੈਗਜ਼ੀਨ ਪੜ੍ਹਿਆ ਬਹੁਤ ਹੀ ਵਧੀਆ ਲੱਗਿਆ। ਢਾਡੀ ਗੁਰਬਖ਼ਸ਼ ਅਲਬੇਲਾ ਜੀ ਦੀ ਜੀਵਨੀ ਤੇ ਲੇਖ ਕਾਫੀ ਨੇੜੇ ਹੋ ਕੇ ਛਾਪਿਆ। ਸ. ਦਲਵਿੰਦਰ ਸਿੰਘ ਦੇ ਪਿਗਰੀ ਫਾਰਮ ਬਾਰੇ ਕਾਫੀ ਜਾਣਕਾਰੀ ਮਿਲੀ। ਸਾਰੇ ਪੱਖਾਂ ਤੋਂ ਜਿਵੇਂ ਸਮਾਜਿਕ, ਧਾਰਮਿਕ ਅਤੇ ਜਾਣਕਾਰੀ ਪੱਖੋਂ ਭਰਪੂਰ ਜਾਣਕਾਰੀ ਮਿਲੀ। ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਪੰਜ ਸਵਾਲ ਜਿਨ੍ਹਾਂ ਦਾ ਮੈਂ ਤੁਹਾਨੂੰ ਜਵਾਬ ਭੇਜ ਰਿਹਾ ਹਾਂ। ਕ੍ਰਿਪਾ ਕਰਕੇ ਪ੍ਰਤੀਯੋਗਤਾ ਵਿਚ ਸ਼ਾਮਲ ਕਰ ਲਵੋ।

1. **ਬਲਦਾਂ ਦੀ ਦੌੜ ਵੇਲੇ ਜਿਸ ਅੱਗੇ ਬਲਦ ਜੋੜੇ ਜਾਂਦੇ ਹਨ। ਉਸ ਨੂੰ ਕੀ ਕਹਿੰਦੇ ਹਨ।**

ਉੱਤਰ - ਗੱਡੀ (ਬੈਲ ਗੱਡੀ)

2. **ਬੱਕਲੀਆਂ ਜਾਂ ਛੋਲੇ ਕਿਸ ਚੀਜ਼ ਵਿਚ ਕੁੱਟੇ ਜਾਂਦੇ ਹਨ।**

ਉੱਤਰ - ਉੱਖਲੀ ਵਿਚ, ਮੂਹਲੀ ਨਾਲ।

3. **ਟਾਂਗੇ ਨੂੰ ਹੋਰ ਕਿਸ ਨਾਮ ਨਾਲ ਜਾਣਿਆਂ ਜਾਂਦਾ ਹੈ।**

ਉੱਤਰ - ਯੱਕੇ ਨਾਲ।

4. **ਸਾਗ ਤੋੜਦੀ ਮੁਰੱਬਿਆਂ ਵਾਲੀ ਵਿਚ ਮੁਰੱਬਿਆਂ ਤੋਂ ਕੀ ਭਾਵ ਹੈ।**

ਉੱਤਰ - ਇਕੱਠੀ ਪੈਲੀ ਦਾ ਟੱਕ ਜਿਵੇਂ 25 ਵਿਘਿਆਂ ਦਾ ਇਕ ਮੁਰੱਬਾ।

5. **ਮੁਹਾਰ ਕੀ ਹੁੰਦੀ ਹੈ।**

ਉੱਤਰ - ਮੁਹਾਰ ਬੋਤੇ (ਊਠ) ਦੇ ਨੱਕ ਵਿਚ ਪਾਈ ਜਾਂਦੀ ਹੈ।

**ਧੰਨਵਾਦ ਸਹਿਤ**
**ਬਲਵਿੰਦਰ ਸਿੰਘ**
**ਪਿੰਡ ਸੇਵਾ ਸਿੰਘ ਵਾਲਾ (ਬਾਜਾਖਾਨਾ), ਜ਼ਿਲ੍ਹਾ ਫਰੀਦਕੋਟ, ਮੋ. 84272-85809**

**'ਮਹਿਕ ਵਤਨ ਦੀ ਲਾਈਵ'** ਸਬੰਧੀ ਹਰ ਪ੍ਰਕਾਰ ਦਾ ਚੰਦਾ ਸਿਰਫ਼ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜੋ ਜੋ ਮੋਗਾ (ਪੰਜਾਬ) ਵਿਚ ਭੁਗਤਾਨ ਯੋਗ ਹੋਵੇ। ਜਾਂ ਤੁਸੀਂ ਆਪਣਾ ਚੰਦਾ ਸਾਡੇ ਅਕਾਊਂਟ ਨੰਬਰ CA-01/000046/Mehak Wattan Di (IFSC Code Corp0000664) ਕਾਰਪੋਰੇਸ਼ਨ ਬੈਂਕ ਵਿਚ ਜਮ੍ਹਾ ਕਰਵਾ ਸਕਦੇ ਹੋ। **- ਸੰਪਾਦਕ**

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗ੍ਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਈਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।